Work Safe! Bulletin

ਨੰਬਰ 193
ਜਨਵਰੀ 2003

# ਖਤਰਨਾਕ ਕੰਮ ਕਰਨ ਤੋਂ ਇਨਕਾਰ ਕਰਨ ਦਾ ਤੁਹਾਡਾ ਅਧਿਕਾਰ

*ਕੰਮ ਉੱਤੇ ਸੁਰੱਖਿਆ ਅਤੇ ਸਿਹਤ ਹਰ ਇਕ ਦਾ ਸਰੋਕਾਰ ਹੈ ਅਤੇ ਹਰ ਇਕ ਦਾ ਅਧਿਕਾਰ ਹੈ। ਤੁਸੀਂ ਖਤਰਨਾਕ ਕੰਮ ਕਰਨ ਤੋਂ ਇਨਕਾਰ ਕਰ ਸਕਦੇ ਹੋ ਅਤੇ ਕਾਨੂੰਨ ਤੁਹਾਡੇ ਇਸ ਅਧਿਕਾਰ ਦੀ ਰੱਖਿਆ ਕਰਦਾ ਹੈ।*

## *ਕੰਮ ਉੱਤੇ ਖਤਰੇ*

ਤੁਹਾਡੀ ਕੰਮ ਉਪਰਲੀ ਜ਼ਿੰਦਗੀ ਵਿਚ ਕਦੇ ਅਜਿਹਾ ਵਕਤ ਆ ਸਕਦਾ ਹੈ ਜਦੋਂ ਤੁਹਾਡਾ ਅਜਿਹੇ ਕੰਮ ਨਾਲ ਵਾਹ ਪਵੇ ਜਿਸ ਵਿਚ ਸੁਰੱਖਿਆ ਅਤੇ ਸਿਹਤ ਲਈ ਖਤਰੇ ਹੋਣ ਜੋ ਕੰਮ ਦਾ ਸਾਧਾਰਣ ਭਾਗ ਨਾ ਹੋਣ। ਸੱਟ-ਪੇਟ ਅਤੇ ਬਿਮਾਰੀ ਤੋਂ ਬਚਾਅ ਕਰਨ ਲਈ ਖਤਰਿਆਂ ਅਤੇ ਖਤਰਨਾਕ ਹਾਲਤਾਂ ਬਾਰੇ ਇਕ ਦਮ ਆਪਣੇ ਸੁਪਰਵਾਇਜ਼ਰ ਨੂੰ ਦੱਸਣਾ ਚਾਹੀਦਾ ਹੈ। ਬਹੁਤੇ ਕੇਸਾਂ ਵਿਚ ਖਤਰੇ ਨੂੰ ਦੂਰ ਕਰਨ ਨਾਲ ਸਥਿਤੀ ਠੀਕ ਹੋ ਜਾਂਦੀ ਹੈ। ਜੇ ਸਥਿਤੀ ਨੂੰ ਠੀਕ ਨਾ ਕੀਤਾ ਜਾਵੇ, ਤਾਂ ਤੁਸੀਂ ਕੰਮ ਕਰਨ ਤੋਂ ਇਨਕਾਰ ਕਰਨ ਦਾ ਆਪਣਾ ਅਧਿਕਾਰ ਵਰਤ ਸਕਦੇ ਹੋ।

## *ਇਨਕਾਰ ਕਰਨ ਦਾ ਅਧਿਕਾਰ ਕੀ ਹੈ?*

ਕਾਨੂੰਨ (ਮੈਨੀਟੋਬਾ ਦੇ ਵਰਕਪਲੇਸ ਸੇਫਟੀ ਐਂਡ ਹੈਲਥ ਐਕਟ) ਅਧੀਨ ਤੁਸੀਂ ਕੋਈ ਵੀ ਉਹ ਕੰਮ ਕਰਨ ਤੋਂ ਇਨਕਾਰ ਕਰ ਸਕਦੇ ਹੋ, ਜਿਸ ਕੰਮ ਨੂੰ ਤੁਸੀਂ ਵਾਜਬ ਕਾਰਨਾਂ ਕਰਕੇ ਆਪਣੀ ਸੁਰੱਖਿਆ ਅਤੇ ਸਿਹਤ ਲਈ ਜਾਂ ਦੂਜਿਆਂ ਦੀ ਸੁਰੱਖਿਆ ਅਤੇ ਸਿਹਤ ਲਈ ਖਤਰਨਾਕ ਸਮਝਦੇ ਹੋਵੋ। (ਕੰਮ ਤੋਂ ਇਨਕਾਰ ਕਾਮੇ ਵਲੋਂ ਕੀਤਾ ਜਾਂਦਾ ਹੈ)

> *ਇਸ ਐਕਟ ਦੇ ਸੈਕਸ਼ਨ 43 (1) ਅਨੁਸਾਰ:* "ਇਕ ਕੰਮ ਕਰਨ ਵਾਲਾ/ਵਾਲੀ ਕੰਮ ਵਾਲੀ ਥਾਂ ਉੱਤੇ ਕੰਮ ਕਰਨ ਤੋਂ ਜਾਂ ਇਕ ਖਾਸ ਕੰਮ ਕਰਨ ਤੋਂ ਇਨਕਾਰ ਕਰ ਸਕਦਾ/ਸਕਦੀ ਹੈ, ਜੇ ਉਹ ਵਾਜਬ ਕਾਰਨਾਂ ਦੇ ਆਧਾਰ ਉੱਤੇ ਸਮਝਦਾ/ਸਮਝਦੀ ਹੈ ਕਿ ਉਹ ਕੰਮ ਉਸਦੀ ਸੁਰੱਖਿਆ ਜਾਂ ਸਿਹਤ ਲਈ ਜਾਂ ਕਿਸੇ ਦੂਸਰੇ ਕਾਮੇ ਜਾਂ ਵਿਅਕਤੀ ਦੀ ਸੁਰੱਖਿਆ ਜਾਂ ਸਿਹਤ ਲਈ ਖਤਰਨਾਕ ਹੈ।"

ਯਾਦ ਰੱਖੋ... ਜੇ ਤੁਸੀਂ ਉਚਿਤ ਵਿਸ਼ਵਾਸ (ਗੁੱਡ ਫੇਥ) ਨਾਲ ਇਨਕਾਰ ਕਰਨ ਦਾ ਅਧਿਕਾਰ ਵਰਤਦੇ ਹੋ ਤਾਂ ਤੁਹਾਡੇ ਵਿਰੁੱਧ ਅਨੁਸ਼ਾਸਨੀ ਕਾਰਵਾਈ ਨਹੀਂ ਕੀਤੀ ਜਾਵੇਗੀ ਅਤੇ ਤੁਸੀਂ ਉਨੀ ਹੀ ਤਨਖਾਹ ਅਤੇ ਫਾਇਦਿਆਂ ਦੇ ਹੱਕਦਾਰ ਹੋਵੋਂ ਜਿਹੜੇ ਤੁਹਾਨੂੰ ਉਂਜ ਮਿਲਣੇ ਸਨ ਜੇ ਤੁਸੀਂ ਕੰਮ ਕਰਨ ਤੋਂ ਇਨਕਾਰ ਨਾ ਕੀਤਾ ਹੁੰਦਾ। ਜਦੋਂ ਸਥਿਤੀ ਦਾ ਸੁਧਾਰ ਕੀਤਾ ਜਾ ਰਿਹਾ ਹੋਵੇ, ਉਸ ਸਮੇਂ ਤੁਹਾਡਾ ਮਾਲਕ ਆਰਜ਼ੀ ਤੌਰ ਉੱਤੇ ਤੁਹਾਨੂੰ ਬਦਲਵੇਂ ਕੰਮ ਉੱਤੇ ਲਾ ਸਕਦਾ ਹੈ। ਆਪਣੇ ਕੰਮ ਦੇ ਆਮ ਘੰਟਿਆਂ ਦੌਰਾਨ ਕੰਮ ਵਾਲੀ ਥਾਂ ਉੱਤੇ ਹੀ ਰਹੋ, ਜਿੰਨੀ ਦੇਰ ਤੱਕ ਤੁਹਾਡਾ ਮਾਲਕ ਤੁਹਾਨੂੰ ਉੱਥੋਂ ਜਾਣ ਦੀ ਇਜਾਜ਼ਤ ਨਹੀਂ ਦਿੰਦਾ।

## *ਖਤਰਨਾਕ ਕੰਮ ਕੀ ਹੈ?*

"ਖਤਰਨਾਕ" ਕੰਮ ਤੋਂ ਆਮ ਭਾਵ ਹੈ : ਕੰਮ ਜਿਸ ਵਿਚ ਸੁਰੱਖਿਆ ਅਤੇ ਸਿਹਤ ਲਈ ਅਜਿਹੇ ਖਤਰੇ ਹੋਣ ਜੋ ਉਸ ਕੰਮ ਦਾ ਸਾਧਾਰਣ (ਨਾਰਮਲ) ਭਾਗ ਨਹੀਂ ਹਨ।

## *ਕਾਰਵਾਈ ਵਿਚ ਕੀ ਕੁੱਝ ਸ਼ਾਮਲ ਹੈ?*

### ਕਦਮ 1

ਕੰਮ ਤੋਂ ਇਨਕਾਰ ਕਰਨ ਦੇ ਕਾਰਨਾਂ ਸਮੇਤ ਆਪਣੇ ਸੁਪਰਵਾਇਜ਼ਰ ਜਾਂ ਕੰਮ ਉੱਤੇ ਇਨਚਾਰਜ ਵਿਅਕਤੀ ਨੂੰ ਤੁਰੰਤ ਇਤਲਾਹ ਕਰੋ। ਇਹ ਜ਼ਰੂਰੀ ਹੈ ਕਿ ਇਸ ਸਮੇਂ ਕੰਮ ਤੋਂ ਇਨਕਾਰ ਕਰਨ ਵਾਲਾ ਅਤੇ ਸੁਪਰਵਾਇਜ਼ਰ ਮਸਲਾ ਹੱਲ ਕਰਨ ਦੀ ਕੋਸ਼ਿਸ਼ ਕਰਨ।

ਜੇ ਮਾਲਕ ਤੁਹਾਡੀ ਤਸੱਲੀ ਮੁਤਾਬਕ ਮਸਲਾ ਹੱਲ ਕਰ ਦਿੰਦਾ ਹੈ ਤਾਂ ਕੰਮ ਉੱਤੇ ਵਾਪਸ ਚਲੇ ਜਾਉ। ਜੇ ਤੁਸੀਂ ਅਜੇ ਵੀ ਸਮਝਦੇ ਹੋਵੋ ਕਿ ਕੰਮ ਖਤਰਨਾਕ ਹੈ...

### ਕਦਮ 2

ਜੇ ਸੁਪਰਵਾਇਜ਼ਰ ਅਤੇ ਕਾਮਾ ਇਨਕਾਰ ਦਾ ਹੱਲ ਨਾ ਕਰ ਸਕਣ, ਤਾਂ ਜ਼ਰੂਰ ਸੇਫਟੀ ਐਂਡ ਹੈਲਥ ਕਮੇਟੀ ਦੇ ਕਾਮਿਆਂ ਦੇ ਕੋ-ਚੇਅਰਪਰਸਨ ਜਾਂ ਕਾਮਿਆਂ ਦੀ ਨੁਮਾਇੰਦਗੀ ਕਰਦੇ ਕਮੇਟੀ ਮੈਂਬਰ (ਜੇ ਕਮੇਟੀ ਨਾ ਹੋਵੇ ਤਾਂ ਕਾਮਿਆਂ ਦੇ ਨੁਮਾਇੰਦੇ) ਨੂੰ ਕੰਮ ਵਾਲੀ ਥਾਂ ਦੀ ਜਾਂਚ ਕਰਨ ਵਿਚ ਮਦਦ ਕਰਨ ਲਈ ਕਹਿਣਾ ਚਾਹੀਦਾ ਹੈ।

ਜੇ ਜਾਂਚ ਤੋਂ ਬਾਅਦ ਖਤਰਨਾਕ ਸਥਿਤੀ ਨਾ ਸੁਧਰੇ...

**(ਦੂਜੇ ਪਾਸੇ)**

## ***ਕਾਰਵਾਈ ਵਿਚ ਕੀ ਕੁੱਝ ਸ਼ਾਮਲ ਹੈ?*** *(ਅੱਗੇ)*

### ਕਦਮ 3

ਕਦਮ ਦੋ ਸਮੇਂ ਜਾਂਚ ਵਿਚ ਸ਼ਾਮਲ ਵਿਅਕਤੀਆਂ ਵਿਚੋਂ ਕੋਈ ਵੀ ਇਕ ਵਿਅਕਤੀ ਸੇਫਟੀ ਐਂਡ ਹੈਲਥ ਅਫਸਰ ਨੂੰ ਕੰਮ ਕਰਨ ਤੋਂ ਇਨਕਾਰ ਅਤੇ ਉਸਦੇ ਕਾਰਨਾਂ ਬਾਰੇ ਦੱਸ ਸਕਦਾ ਹੈ। ਹੈਲਥ ਐਂਡ ਸੇਫਟੀ ਅਫਸਰ ਮਸਲੇ ਦੀ ਜਾਂਚ ਕਰਕੇ ਫੈਸਲਾ ਕਰੇਗਾ ਕਿ ਕੀ ਕੰਮ ਦੀ ਸਥਿਤੀ ਜਾਂ ਕੰਮ, ਜਿਸਨੂੰ ਕਰਨ ਤੋਂ ਕਾਮੇ ਨੇ ਇਨਕਾਰ ਕੀਤਾ ਹੈ, ਕਾਮੇ ਜਾਂ ਕੰਮ ਵਾਲੀ ਥਾਂ ਉੱਤੇ ਕਿਸੇ ਹੋਰ ਕਾਮੇ ਜਾਂ ਵਿਅਕਤੀ ਦੀ ਸੁਰੱਖਿਆ ਜਾਂ ਸਿਹਤ ਲਈ ਖਤਰਨਾਕ ਹੈ ਜਾਂ ਨਹੀਂ।

ਅਫਸਰ ਇਨਕਾਰ ਕਰਨ ਵਾਲੇ ਕਾਮੇ, ਹਰ ਇਕ ਕੋ-ਚੇਅਰਪਰਸਨ ਜਾਂ ਨੁਮਾਇੰਦੇ, ਅਤੇ ਮਾਲਕ ਨੂੰ ਲਿਖਤੀ ਫੈਸਲਾ ਦੇਵੇਗਾ। ਫੈਸਲੇ ਤੋਂ ਸਿੱਧੇ ਰੂਪ ਵਿਚ ਪ੍ਰਭਾਵਿਤ ਹੋਣ ਵਾਲਾ ਕੋਈ ਵੀ ਵਿਅਕਤੀ ਅਫਸਰ ਦੇ ਫੈਸਲੇ ਬਾਰੇ ਵਰਕਪਲੇਸ ਸੇਫਟੀ ਐਂਡ ਹੈਲਥ ਡਿਵੀਜ਼ਨ ਦੇ ਡਾਇਰੈਕਟਰ ਕੋਲ ਅਪੀਲ ਕਰ ਸਕਦਾ ਹੈ। ਡਾਇਰੈਕਟਰ ਅਪੀਲ ਬਾਰੇ ਫੈਸਲਾ ਕਰੇਗਾ ਅਤੇ ਲਿਖਤੀ ਰੂਪ ਵਿਚ ਉਸਦੇ ਕਾਰਨ ਦੱਸੇਗਾ। ਹੋ ਸਕਦਾ ਹੈ ਡਾਇਰੈਕਟਰ ਦੇ ਫੈਸਲੇ ਦੀ ਮੈਨੀਟੋਬਾ ਲੇਬਰ ਬੋਰਡ ਕੋਲ ਅਪੀਲ ਕੀਤੀ ਜਾ ਸਕੇ।